ਲਗਾ ਮਾਤਰਾ ਲਗਾ ਕੇ 10 ਸੂਰ ਬਣਾ ਲਏ ਜਾਂਦੇ ਹਨ ਅਤੇ ਬਾਕੀ ਦੇ ਵਿਅੰਜਨ ਹਨ। ਇਹਨਾਂ ਦਾ ਅੱਗੋਂ ਜੇ ਵਰਗੀਕਰਨ ਕਰੀਏ ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ /ਕ, ਖ, ਗ/, /ਚ, ਛ, ਜ/, /ਟ, ਠ, ਡ/, /ਤ, ਥ, ਦ/, /ਪ, ਫ, ਬ/, /ਸ, ਸ਼/, /ਨ, ਮ/, /ਰ, ਲ/ ਦਾ ਉਚਾਰਨ ਸ਼ਬਦਾਂ ਦੀਆਂ ਤਿੰਨ ਸਥਿਤੀਆਂ ਭਾਵ ਆਰੰਭ, ਮੱਧ ਤੇ ਅੰਤ ਵਿੱਚ ਹੋ ਸਕਦਾ ਹੈ। /ਙ, ਞ, ਣ/ ਦਾ ਉਚਾਰਨ ਕੇਵਲ ਸ਼ਬਦ ਦੇ ਅਖੀਰ ਜਾਂ ਮੱਧ ਵਿਚ ਹੋ ਸਕਦਾ ਹੈ। /ਙ, ਞ/ ਵਿਅੰਜਨਾਂ ਦਾ ਉਚਾਰਨ ਪੰਜਾਬੀ ਵਿੱਚ ਲਗਭਗ ਖਤਮ ਹੋ ਚੁੱਕਾ ਹੈ। /ੜ/ ਵਿਅੰਜਨ ਦਾ ਉਚਾਰਨ ਸ਼ਬਦ ਦੀ ਮੁਢਲੀ ਸਥਿਤੀ ਵਿੱਚ ਨਹੀਂ ਹੁੰਦਾ ਬਲਕਿ ਵਿਚਕਾਰ ਜਾਂ ਅੰਤਲੀ ਸਥਿਤੀ ਵਿੱਚ ਮਿਲਦਾ ਹੈ। /ਜ਼, ਗ਼, ਫ਼/ ਆਦਿ ਵਿਅੰਜਨ ਦਖਲ ਕਰਕੇ ਬਹੁ-ਭਾਸ਼ੀ ਬੁਲਾਰਿਆਂ ਨਾਲ ਹੀ ਸੰਬੰਧਤ ਹੋ ਗਿਆ ਹੈ।

/ਭ, ਧ, ਢ, ਝ, ਘ/ ਵਿਅੰਜਨ ਜ਼ਿਆਦਾਤਰ ਸੁਰ ਵਿਚ ਉਚਾਰੇ ਜਾਂਦੇ ਹਨ। ਇਸੇ ਤਰ੍ਹਾਂ /ਪ, ਤ, ਟ, ਚ, ਕ/ ਸ਼ਬਦ ਦੀ ਮੁਢਲੀ ਸਥਿਤੀ ਵਿਚ ਨੀਵੇਂ ਸੁਰ ਵਿੱਚ ਉਚਾਰੇ ਜਾਂਦੇ ਹਨ। ਇਹ ਸ਼ਬਦ ਦੀ ਵਿਚਕਾਰਲੀ ਤੇ ਅੰਤਲੀ ਸਥਿਤੀ ਵਿੱਚ ਕ੍ਰਮਵਾਰ /ਗ, ਜ, ਡ, ਦ, ਬ/ ਵਿੱਚ

Scanned with CamScanner

ਉਚਾਰੇ ਜਾਂਦੇ ਹਨ। /ਹ/ ਵਿਅੰਜਨ ਸ਼ਬਦ ਦੀ ਮੱਧਲੀ ਸਥਿਤੀ ਵਿਚ ਉੱਚੀ ਸੁਰ ਵਿਚ ਉਚਾਰਿਆ ਜਾਂਦਾ ਹੈ। ਕਈ ਉਪਭਾਸ਼ਾਵਾਂ ਵਿਚ ਸ਼ਬਦ ਦੀ ਅੰਤਲੀ ਤੇ ਵਿਚਕਾਰਲੀ ਸਥਿਤੀ ਵਿਚ ਵੀ /ਹ/ ਦਾ ਉਚਾਰਨ ਗਾਇਬ ਹੁੰਦਾ ਜਾ ਰਿਹਾ ਹੈ।

ਇਹਨਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਵਿਚ ਅਖੰਡੀ ਧੁਨੀਆਂ, ਸੁਰ, ਨਾਸਿਕਤਾ, ਦਬਾਅ ਅਤੇ ਤਾਲ/ਤਾਨ ਹਨ। ਜੋ ਕਿ ਸੁਰਾਂ ਤੇ ਵਿਅੰਜਨਾਂ ਤੋਂ ਵੱਖਰੀ ਤਰ੍ਹਾਂ ਦੀਆਂ ਧੁਨੀਆਂ ਹਨ। ਇਹਨਾਂ ਨੂੰ ਅਖੰਡੀ ਕਹਿੰਦੇ ਹਨ। ਕਿਉਂਕਿ ਇਹਨਾਂ ਦੀ ਸੁਰਾਂ ਵਿਅੰਜਨਾਂ ਵਾਂਗ ਵੱਖ-ਵੱਖ ਵਿਆਖਿਆ ਨਹੀਂ ਕੀਤੀ ਜਾ ਸਕਦੀ ਤੇ ਨਾ ਹੀ ਇਹਨਾਂ ਨੂੰ ਸੁਤੰਤਰ ਰੂਪ ਵਿਚ ਉਸਾਰਿਆ ਤੇ ਉਚਾਰਿਆ ਜਾ ਸਕਦਾ ਹੈ। ਇਹ ਹਮੇਸ਼ਾ ਕਿਸੇ ਸੁਰ ਜਾਂ ਵਿਅੰਜਨ ਦੇ ਨਾਲ ਹੀ ਉਚਾਰੀਆਂ ਜਾਂਦੀਆਂ ਹਨ। ਇਹਨਾਂ ਦਾ ਪ੍ਰਭਾਵ ਸ਼ਬਦ ਜਾਂ ਵਾਕ ਤੇ ਜ਼ਰੂਰ ਪੈਂਦਾ ਹੈ।

**ਪੈਰ ਵਾਲੇ ਲਿਪਾਂਕ:-**

ਗੁਰਮੁਖੀ ਲਿਪੀ ਵਿਚ ਪੈਰ ਵਾਲੇ ਲਿਪਾਂਕ ੩ ਹਨ /ਹ/,/ਰ/,/ਵ/। ਇਹਨਾਂ ਦੀ ਵਰਤੋਂ ਦੂਜੇ ਵਿਅੰਜਨ ਚਿੰਨ੍ਹਾਂ ਦੇ ਪੈਰਾਂ ਹੇਠ ਕੀਤੀ ਜਾਂਦੀ ਹੈ।

/ਹ/ ਦਾ ਉਚਾਰਨ ਜਦੋਂ ਹੋਰ ਵਿਅੰਜਨ ਦੇ ਪੈਰਾਂ 'ਚ ਕੀਤਾ ਜਾਂਦਾ ਹੈ ਤਾਂ ਇਸਦਾ ਉਚਾਰਣ ਸੁਰ ਵਾਲਾ ਹੋ ਜਾਂਦਾ ਹੈ ਜਿਵੇਂ:-

ਪੜ੍ਹ – ਉੱਚੀ ਸੁਰ

/ਪੜ੍ਹ/- ਇਹ ਇੱਕ ਉਚਾਰਖੰਡੀ ਸ਼ਬਦ ਹੈ ਪਰ ਦੋ ਉਚਾਰਖੰਡੀ ਸ਼ਬਦਾਂ ਵਿੱਚ ਇਸਦਾ ਉਚਾਰਨ ਨੀਵੀਂ ਸੁਰ ਵਾਲਾ ਹੋ ਜਾਂਦਾ ਹੈ ਜਿਵੇਂ:-

ਪੜ੍ਹਾ – ਨੀਵੀਂ ਸੁਰ

/ਰ/ ਦਾ ਪ੍ਰਯੋਗ ਜਦੋਂ ਕਿਸੇ ਵਿਅੰਜਨ ਦੇ ਪੈਰ ਵਿਚ ਕੀਤਾ ਜਾਂਦਾ ਹੈ ਤਾਂ ਉਸ ਸਮੇਂ ਇਸਦਾ ਅਕਸਰ ਵਿਅੰਜਨ ਗੁੱਛਿਆਂ ਦੀ ਸਿਰਜਣਾ ਕਰਨਾ ਹੁੰਦਾ ਹੈ ਪਰ ਜਦੋਂ ਪੰਜਾਬੀ ਭਾਸ਼ਾ ਵਿੱਚ ਇਸਦਾ ਪ੍ਰਯੋਗ ਦੂਜੇ ਵਿਅੰਜਨਾਂ ਦੇ ਪੈਰ ਵਿਚ ਕੀਤਾ ਜਾਂਦਾ ਹੈ ਤਾਂ ਬਹੁਤੀਆਂ ਪ੍ਰਸਥਿਤੀਆਂ ਵਿਚ ਇਸਦਾ ਉਚਾਰਨ ਵਿਅੰਜਨ ਗੁੱਛਿਆਂ ਨੂੰ ਸਾਕਾਰ ਨਹੀਂ ਕਰਦਾ। ਕੇਵਲ ਪੜ੍ਹੇ ਲਿਖੇ ਪੰਜਾਬੀ ਬੁਲਾਰਿਆਂ ਦੇ ਉਚਾਰਨ ਵਿਚ ਸ਼ਬਦ ਸਰਲ ਵਿਅੰਜਨ ਗੁੱਛਿਆਂ ਦੇ ਅਧੀਨ ਹੀ ਇਸਦਾ ਉਚਾਰਨ ਸਹੀ ਪਾਇਆ ਜਾਂਦਾ ਹੈ ਜਿਵੇਂ:-

ਨਾਸਿਕਤਾ :-

ਜਦੋਂ ਕਿਸੇ ਅੱਖਰ ਦੇ ਉਚਾਰਨ ਸਮੇਂ ਸਾਹ ਦਾ ਕੁੱਝ ਹਿੱਸਾ ਨੱਕ ਰਾਹੀਂ ਬਾਹਰ ਆਵੇ ਤਾਂ ਉਸ ਵਿੱਚ ਨਾਸਿਕਤਾ ਦਾ ਅੰਸ਼ ਆ ਜਾਂਦਾ ਹੈ ਤੇ ਅਜਿਹਾ ਉਚਾਰਨ ਨਾਸਕੀ ਉਚਾਰਨ ਹੋ ਜਾਂਦਾ ਹੈ। ਇਸ ਨਾਲ ਸ਼ਬਦ ਦਾ ਉਚਾਰਨ ਤੇ ਅਰਥ ਦੋਵੇਂ ਬਦਲ ਜਾਂਦੇ ਹਨ।

ਗਾ - ਗਾਉਣਾ
ਗਾਂ - ਗਊ

ਬਲ :-

ਬਲ ਦਾ ਪ੍ਰਯੋਗ ਕਿਸੇ ਸ਼ਬਦ ਜਾਂ ਧੁਨੀ ਤੇ ਦਬਾਅ ਦੇਣ ਲਈ ਹੁੰਦਾ ਹੈ। ਜਿਵੇਂ ਅੱਧ - |ਅ| ਨਾਲ ਬਲ ਦੇ ਕੇ |ਧ| ਧੁਨੀ ਤੇ ਜ਼ੋਰ ਪਾਇਆ ਗਿਆ ਹੈ |ਅ-ਧ-ਧ|। ਬਲ ਦਾ ਪ੍ਰਭਾਵ ਪੰਜਾਬੀ ਭਾਸ਼ਾ ਦੇ ਸ਼ਬਦਾਂ ਨੂੰ ਉਸਦੇ ਉਚਾਰਖੰਡਾਂ ਨੂੰ ਅਲੱਗ ਕਰਨ 'ਚ ਵੀ ਮਦਦ ਕਰਦਾ ਹੈ।

ਤਾਨ / ਵਿੱਥ :-

ਤਾਨ ਤੋਂ ਭਾਵ ਅਜਿਹੀ ਭਾਸ਼ਾਈ ਇਕਾਈ ਜੋ ਭਾਸ਼ਾ ਦੇ ਸ਼ਬਦਾਂ ਵਿੱਚ ਨਹੀਂ ਬਲਕਿ ਵਾਕ ਦੀ ਪੱਧਰ 'ਤੇ ਉਹਨਾਂ ਵਿੱਚ ਵੱਖਰਤਾ ਲਿਆਉਂਦੀ ਹੈ।-

ਮੰਜਾ ਹੇਠਾਂ # ਰੱਖ ਦਿਓ
ਮੰਜਾ # ਹੇਠਾਂ ਰੱਖ ਦਿਓ

ਵਾਕ ਅਰਥਾਂ ਵਿੱਚ ਆਉਣ ਵਾਲਾ ਅੰਤਰ ਤਾਨ ਦਾ ਅਨੁਮਾਨ ਕਰਕੇ ਹੀ ਹੈ।

ਇਉਂ ਕਹਿ ਸਕਦੇ ਹਾਂ ਕਿ ਪੰਜਾਬੀ ਭਾਸ਼ਾ ਦੀਆਂ ਧੁਨੀਆਂ ਜਾਂ ਧੁਨੀ ਵਿਉਂਤ ਕੇਵਲ ਗੁਰਮੁਖੀ ਲਿਪੀ ਦੇ ਕਾਰਨ ਹੀ ਸਹੀ ਉਚਾਰਨ ਅਤੇ ਸਹੀ ਅਰਥ ਦੇਣ ਵਿੱਚ ਸਮਰੱਥ ਹਨ ਜੇ ਅਸੀਂ ਪੰਜਾਬੀ ਭਾਸ਼ਾ ਦੇ ਲਈ ਕਿਸੇ ਹੋਰ ਲਿਪੀ ਨੂੰ ਜੋਗ ਸਮਝੀਏ ਤਾਂ ਇਹ ਬਿਲਕੁਲ ਵੀ ਉਸ ਲਈ ਢੁਕਵੀਂ ਨਹੀਂ ਹੋਵੇਗੀ।

Scanned with CamScanner

ਪ੍ਰਬੰਧ ਵਿਚੋਂ ਖੋਜ ਕੀਤਾ ਜਾ ਸਕਦਾ ਹੈ।

| ਘਰ, ਝਾੜੂ, ਢੋਲ, ਧਰਮ, ਭਰਮ |

ਇਨ੍ਹਾਂ ਸ਼ਬਦਾਂ ਦੀਆਂ ਮੁੱਢਲੀਆਂ ਧੁਨੀਆਂ | ਘ, ਝ, ਢ, ਧ, ਭ | ਨਾਦੀ ਮਹਾਂਪ੍ਰਾਣ ਧੁਨੀਆਂ ਨਹੀਂ ਹਨ ਸਗੋਂ [illegible] ਸੁਰ ਸਮੇਤ [ਕ, ਚ, ਟ, ਤ, ਪ] ਅਲਪਪ੍ਰਾਣ ਅਘੋਸ਼ ਧੁਨੀਆਂ ਹਨ-

ਘਰ - ਘ = [ਕ + ਨੀਵੀਂ ਸੁਰ]
ਝਾੜੂ - ਝ = [ਚ + ਨੀਵੀਂ ਸੁਰ]
ਢੋਲ - ਢ = [ਟ + ਨੀਵੀਂ ਸੁਰ]
ਧਰਮ - ਧ = [ਤ + ਨੀਵੀਂ ਸੁਰ]
ਭਰਮ - ਭ = [ਪ + ਨੀਵੀਂ ਸੁਰ]

(ਨੀਵੀਂ ਸੁਰ ਦੀ ਨਿਸ਼ਾਨੀ |\| ਲਗਦੀ ਹੈ)

ਇਨ੍ਹਾਂ ਸ਼ਬਦਾਂ ਦੇ ਆਦਿ-ਵਿਅੰਜਨ ਅਲਪਪ੍ਰਾਣ ਅਘੋਸ਼ ਹਨ ਜੋ ਸਗੋਂ ਨੀਵੀਂ ਸੁਰ ਨਾਲ ਮਿਲ ਕੇ ਉਚਾਰੇ ਗਏ।

ਕਈ ਵਿਅੰਜਨਾਂ ਨਾਲ ਉੱਚੀ ਸੁਰ ਵੀ ਮਿਲਦੀ ਹੈ ਜਿਵੇਂ / ਸਿੰਘ, ਧੱਝ, ਸੰਢ, ਬੰਧ, ਲਭ / ਦੇ ਅੰਤਲੇ ਵਿਅੰਜਨ (ਘ, ਝ, ਢ, ਧ, ਭ) ਅਸਲ 'ਚ ਸਘੋਸ਼ ਅਲਪਪ੍ਰਾਣ [ਗ, ਜ, ਡ, ਦ, ਬ] ਵਿਅੰਜਨ ਹਨ ਜਿਨ੍ਹਾਂ ਨਾਲ ਉੱਚੀ ਸੁਰ (/) ਲੱਗੀ ਹੋਈ ਹੈ।

ਸਿੰਘ - ਘ = [ਗ + ਉੱਚੀ ਸੁਰ]
ਧੱਝ - ਝ = [ਜ + ਉੱਚੀ ਸੁਰ]
ਸੰਢ - ਢ = [ਡ + ਉੱਚੀ ਸੁਰ]
ਬੰਧ - ਧ = [ਦ + ਉੱਚੀ ਸੁਰ]
ਲਭ - ਭ = [ਬ + ਉੱਚੀ ਸੁਰ]

ਪੰਜਾਬੀ ਵਿਅੰਜਨਾਂ 'ਤੇ ਮੱਧਲੀ ਸੁਰ (-) ਵੀ ਲਗਦੀ ਹੈ ਜੋ ਦਰਮਿਆਨੀ ਪਿੱਚ 'ਤੇ ਸਹੀ ਜਾਂਦੀ ਹੈ।

| ਨੀਵੀਂ ਸੁਰ | ਮੱਧਵਰਤੀ ਸੁਰ | ਉੱਚੀ ਸੁਰ |
|---|---|---|
| ਘੜੀ | ਕੜੀ | ਕੜ੍ਹੀ |
| ਘੜ | ਕੜ | ਕੜ੍ਹ |
| ਝੜ | ਚੜ | ਚੜ੍ਹ |

ਇਉਂ ਪੰਜਾਬੀ ਵਿਅੰਜਨਾਂ ਵਿਚ ਤਿੰਨ ਕਿਸਮ ਦੀ ਸੁਰ ਮਿਲਦੀ ਹੈ।

Scanned with CamScanner

3. ਅਰਧ ਸ੍ਵਰ ਧੁਨੀਆਂ:-

ਸੰਸਕ੍ਰਿਤ ਭਾਸ਼ਾ ਵਿਚੋਂ ਲਏ ਗਏ /ਜ/, /ਰ/, /ਲ/ ਤੇ /ਵ/ ਸ੍ਵਰ ਸਪਰਸ਼ ਤੇ ਊਸ਼ਮ ਦੇ ਵਿਚਕਾਰ ਹਨ। ਇਸ ਲਈ ਇਹਨਾਂ ਨੂੰ ਅੰਤਸਥ ਆਖਦੇ ਹਨ। ਪੰਜਾਬੀ ਵਿਚ ਇਹਨਾਂ ਨੂੰ ਅਰਧ ਸ੍ਵਰ ਵੀ ਕਹਿ ਦਿੱਤਾ ਜਾਂਦਾ ਹੈ। ਪੰਜਾਬੀ ਵਿਦਵਾਨ ਪ੍ਰੋ. ਪ੍ਰਕਾਸ਼ ਸਿੰਘ ਕੋਹਲ /ਜ/ ਅਤੇ /ਵ/ ਨੂੰ ਹੀ ਅਰਧ ਸ੍ਵਰ ਧੁਨੀ ਕਹਿੰਦੇ ਹਨ।

ਪੰਜਾਬੀ ਵਿਚ /ਕ/-ਧੁਨੀ ਤੋਂ ਮ-ਧੁਨੀ ਤੱਕ/ 25 ਵਰਨ ਸਪਰਸ਼ੀ ਵਿਅੰਜਨ ਹਨ ਜਿੰਨ੍ਹਾਂ ਦਾ ਉਚਾਰਨ ਜੀਭ ਦੇ ਕਿਸੇ ਨਾ ਕਿਸੇ ਭਾਗ ਨਾਲ ਛੋਹ ਕੇ ਹੁੰਦਾ ਹੈ ਜਾਂ ਫਿਰ ਬੁੱਲ੍ਹ ਸਪਰਸ਼ ਕਰਦਾ ਹੈ। ਜਦਕਿ /ਸ਼ ਤੋਂ ਲ਼/ ਤੱਕ ਊਸ਼ਮ ਧੁਨੀਆਂ ਹਨ।

ਡਾ. ਜੀਤ ਸਿੰਘ ਜੋਸ਼ੀ ਅਨੁਸਾਰ,

ਪੰਜਾਬੀ ਭਾਸ਼ਾ ਵਿਚ ਜੇ ਸੁਰਾਂ ਦਾ ਵਿਕਾਸ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਸੁਰ ਦਾ ਵਿਕਾਸ ਅਸਲ ਵਿਚ ਘੋਸ਼ ਅਲਪ ਪ੍ਰਾਣ ਧੁਨੀਆਂ ਅਤੇ /ਹ/ ਦੇ ਆਪਣੇ ਨੇੜੇ ਦੀਆਂ ਸ੍ਵਰ ਧੁਨੀਆਂ ਦੇ ਪ੍ਰਭਾਵ ਤੋਂ ਮੰਨਿਆ ਜਾਂਦਾ ਹੈ ਪਰ ਆਧੁਨਿਕ ਪੰਜਾਬੀ ਉਚਾਰਨ ਵਿਚ ਘੋਸ਼ ਅਲਪਪ੍ਰਾਣ ਧੁਨੀਆਂ ਦੀ ਵਰਤੋਂ ਹੀ ਨਹੀਂ ਕੀਤੀ ਜਾਂਦੀ। ਤਾਹੀਓਂ ਇਹ ਪ੍ਰਭਾਵ ਸੁਰ ਰੂਪ 'ਚ ਪ੍ਰਗਟ ਹੁੰਦਾ ਹੈ ਤੇ ਇਹ ਸਥਿਤੀ ਬਦਲਦੀ ਰਹਿੰਦੀ ਹੈ।

ਸ਼ਬਦਾਂ ਦੇ ਵਿਚਕਾਰ ਦੀ ਸਥਿਤੀ ਵਿਚ ਇਹਨਾਂ ਧੁਨੀਆਂ ਦਾ ਉਚਾਰਨ ਘੋਸ਼ ਅਲਪਪ੍ਰਾਣ ਧੁਨੀਆਂ (ਬ, ਦ, ਡ, ਜ, ਗ) ਵਜੋਂ ਉਚਾਰਿਆ ਜਾਂਦਾ ਹੈ ਜਿਵੇਂ: ਸਬਜ਼ੀ।

ਪਰ ਸ਼ਬਦ ਦੇ ਅੰਤ ਵਿਚ ਘੋਸ਼ ਮਹਾਂਪ੍ਰਾਣ ਧੁਨੀਆਂ (ਭ, ਧ, ਢ, ਝ, ਘ) ਦਾ ਉਚਾਰਨ ਘੋਸ਼ ਅਲਪਪ੍ਰਾਣ ਧੁਨੀਆਂ ਭਾਵ ਕਿ (ਬ, ਦ, ਡ, ਜ, ਗ) ਵਰਗਾ ਹੋ ਜਾਂਦਾ ਹੈ ਜਿਵੇਂ:- ਜੋਝ, ਦੁੱਧ।

ਡਾ. ਵੇਦ ਅਗਨੀਹੋਤਰੀ ਨੇ ਗੁਰਮੁਖੀ ਲਿਪੀ ਦੇ ਸੁਰ ਦੇ ਸੰਬੰਧੀ ਅਧਿਐਨ ਨੂੰ ਖਾਸ ਟਿੱਪਣੀਆਂ ਨਾਲ ਪੇਸ਼ ਕੀਤਾ ਹੈ।

i) (ਭ, ਧ, ਢ, ਝ, ਘ) ਦਾ ਉਚਾਰਨ ਪੂਰਬੀ ਪੰਜਾਬੀ ਵਿਚ ਸਘੋਸ਼ ਨਾ ਰਹਿ ਕੇ ਟੋਨ ਵਾਲਾ ਹੋ ਜਾਂਦਾ ਹੈ। ਇਹਨਾਂ ਦਾ ਉਚਾਰਨ (ਪ, ਤ, ਟ, ਚ, ਕ) ਦਾ ਟੋਨ ਸਹਿਤ ਉਚਾਰਨ ਬਣ ਗਿਆ ਹੈ। ਪੂਰਬੀ ਪੰਜਾਬ ਵਿੱਚ

ਕਾਰਨ [illegible]

ਤੋਂ ਬਚ ਨਹੀਂ ਸਕੀਆਂ।

ii) /ਜ਼/ ਤੇ /ਫ਼/ ਦੀ ਲਿਖਤੀ ਰੂਪ ਵਿੱਚ ਵਰਤੋਂ ਕੀਤੀ ਜਾਂਦੀ ਹੈ ਪਰ ਬੋਲਚਾਲ ਵਿਚ ਇਹ /ਜ/ ਤੇ /ਫ/ ਤੋਂ ਵੱਖ ਨਹੀਂ ਸਮਝੇ ਜਾਂਦੇ।

iii) /ਵ/ ਅੰਗਰੇਜ਼ੀ ਭਾਸ਼ਾ ਦੀ ਧੁਨੀ /W/ ਵਾਂਗ ਹੀ ਉਚਾਰਿਆ ਜਾਂਦਾ ਹੈ।

iv) ਪੰਜਾਬੀ ਵਿੱਚ ਫ਼ਾਰਸੀ ਧੁਨੀਆਂ (ਕ, ਖ਼, ਗ) ਦੀ ਵਰਤੋਂ ਪੜ੍ਹੀ ਲਿਖੀ ਵਰਗ ਤਾਂ ਉਂਝ ਕੁਝ ਹੱਦ ਤੱਕ ਕਰਦਾ ਹੈ ਪਰ ਇਹ ਧੁਨੀਆਂ ਆਮ ਲੋਕਾਂ ਦੀ ਬੋਲਚਾਲ ਦਾ ਅੰਗ ਵਧੇਰ ਨਹੀਂ ਬਣੀਆਂ।

v) ਅਘੋਸ਼ ਮਹਾਂਪ੍ਰਾਣ ਧੁਨੀਆਂ (ਘ, ਝ, ਢ, ਧ, ਭ) ਜੇਕਰ ਸ਼ਬਦ ਦੇ ਸ਼ੁਰੂ ਵਿੱਚ ਆਉਣ ਤਾਂ ਉਸ ਸ਼ਬਦ ਦੀ ਸੁਰ ਨੀਵੀਂ ਹੋ ਜਾਂਦੀ ਹੈ।

vi) ਸ਼ਬਦ ਦੀਆਂ ਤਿੰਨਾਂ ਪਸਥਿਤੀਆਂ ਵਿੱਚ ਹੀ (ਭ, ਧ, ਢ, ਝ, ਘ) ਸੁਰ ਦਾ ਸੰਕੇਤ ਦਿੰਦੇ ਹਨ। ਸ਼ਬਦ ਦੀ ਅਗਲੀ ਅਖੀਰਲੀ ਸਥਿਤੀ ਵਿਚ ਇਹ (ਬ, ਦ, ਡ, ਜ, ਗ) ਵਿੱਚ ਬਦਲ ਜਾਂਦੇ ਹਨ ਭਾਵ ਉਚਾਰੇ ਜਾਂਦੇ ਹਨ ਤੇ ਬਲ ਵਾਲੇ ਸ੍ਵਰ ਉੱਤੇ ਉਚੀ ਸੁਰ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਬਦ ਦੀ ਵਿਚਕਾਰਲੀ ਸਥਿਤੀ ਵਿੱਚ (ਭ, ਧ, ਢ, ਝ, ਘ) ਕ੍ਰਮਵਾਰ (ਬ, ਦ, ਡ, ਜ, ਗ) ਹੀ ਉਚਾਰੀਆਂ ਜਾਂਦੀਆਂ ਹਨ।

Scanned with CamScanner

ਹੁੰਦਾ ਹੈ।

viii) ਦਬਾਅ (Emphasis) ਰਾਗਨ ਦੀ ਪਿੱਚ ਦੇ ਪੈਟਰਨ ਘਟਨਾਵਾਂ ਹਨ।

ਉਪਰੋਕਤ ਸਾਰੇ ਵੇਰਵੇ ਤੋਂ ਕਹਿ ਸਕਦੇ ਹਾਂ ਕਿ ਸੁਰ ਅਤੇ ਗੁਰਮੁਖੀ ਲਿਪੀ ਦਾ ਆਪਸ ਵਿੱਚ ਆਧੁਨਿਕ ਪੰਜਾਬੀ ਵਿੱਚ ਖਾਸ ਕਰਕੇ ਕਾਫੀ ਜ਼ਿਆਦਾ ਪ੍ਰਭਾਵ ਪੈ ਚੁੱਕਾ ਹੈ। ਸੋ ਹੁਣ ਅਸੀਂ ਇਹ ਮੰਨੀਏ ਕਿ ਗੁਰਮੁਖੀ ਲਿਪੀ ਦੇ ਅੱਖਰਾਂ ਨੂੰ ਬਿਨਾ ਸੁਰ ਤੋਂ ਉਚਾਰਿਆ ਜਾ ਸਕਦਾ ਹੈ ਤਾਂ ਇਹ ਅਸੰਭਵ ਗੱਲ ਜਾਪਦੀ ਹੈ।

Scanned with CamScanner

ਸ੍ਵਰ ਪ੍ਰਣਾਲੀ :-

ਪੰਜਾਬੀ ਵਿੱਚ ਦਸ ਸ੍ਵਰ ਧੁਨੀਆਂ ਹਨ ਜਿਹਨਾਂ ਨੂੰ ਅੱਗੋਂ ਤ ਭਾਗਾਂ ਵਿੱਚ ਵੰਡ ਸਕਦੇ ਹਾਂ :-

ਲਘੂ ਸ੍ਵਰ - /ਉ/, /ਅ/, /ਇ/

ਦੀਰਘ ਸ੍ਵਰ - /ਊ/, /ਆ/, /ਏ/, /ਈ/, /ਓ/

ਸੰਯੁਕਤ ਸ੍ਵਰ - /ਐ/, /ਔ/

ਗੁਰਮੁਖੀ ਲਿਪੀ ਦੇ ਕਈ ਅੱਖਰ ਸ੍ਵਰ ਪ੍ਰਣਾਲੀ ਦਾ ਸਾਥ ਦਿੰਦੇ ਹਨ ਜਿਵੇਂ :-

/ਊ/ ਦਾ ਉਚਾਰਨ ਕਰਦਿਆਂ ਜੀਭ ਪਿੱਛੇ ਹੋ ਕੇ ਤਾਲੂ ਦੇ ਪਿਛਲੇ ਨਰਮ ਭਾਗ ਕੋਲ ਉੱਠ ਕੇ ਪੁੱਜ ਜਾਂਦੀ ਹੈ ਜਿਵੇਂ :- ਊਠ, ਸੂਤ, ਤੂਤ।

/ਉ/ ਉਚਾਰਨ ਸਮੇਂ ਜੀਭ ਹੋਰ ਹੇਠਾਂ ਹੋ ਜਾਂਦੀ ਹੈ ਜਿਵੇਂ :- ਪੁਲ, ਖੁਲ

/ਆ/ ਦੀਰਘ ਸ੍ਵਰ ਹੈ ਜਿਸਦਾ ਉਚਾਰਨ ਕਰਨ ਲੱਗਿਆਂ ਜੀਭ ਹੋਰ ਦਬਕੇ ਨੀਵੀਂ ਹੋ ਜਾਂਦੀ ਹੈ :- ਲੰਮਾ, ਸਮਾਂ, ਕਮਾ।

ਵਿਅੰਜਨ ਧੁਨੀਆਂ :-

ਪੰਜਾਬੀ ਭਾਸ਼ਾ ਵਿੱਚ ਸ੍ਵਰ ਦੀ ਪਛਾਣ ਤੇ ਉਸਦੀ ਸਥ ਵਿਅੰਜਨ ਧੁਨੀਆਂ ਵਿੱਚੋਂ ਹੀ ਵੇਖੀ ਜਾ ਸਕਦੀ ਹੈ। ਪੰਜਾਬੀ ਵਿੱਚ ਕਈ ਵਿਅੰਜਨ ਧੁਨੀਆਂ ਜੋ ਗੁਰਮੁਖੀ ਵਿੱਚ ਲਿਖਦੀਆਂ ਹਨ ਉਤੇ

Scanned with CamScanner

ਦੰਤੀ - ਤ, ਥ, ਦ

ਉਲਟ ਜੀਭੀ - ਟ, ਠ, ਡ

ਤਾਲਵੀ - ਚ, ਛ, ਜ

ਕੋਮਲ ਤਾਲਵੀ - ਕ, ਖ, ਗ

ਉਚਾਰਨ ਪੱਖੋਂ ਉਪਰੋਕਤ ਪੰਜ ਸ਼੍ਰੇਣੀਆਂ ਵਿਚੋਂ ਹਰ ਇੱਕ ਦੀ ਪਹਿਲੀ ਧੁਨੀ /ਪ, ਤ, ਟ, ਚ, ਕ/ ਅਲਪ-ਪ੍ਰਾਣ ਤੇ ਨਾਦ ਰਹਿਤ ਹੈ। ਇਹਨਾਂ ਸਤਰਾਂ ਦਾ ਦੂਜਾ ਵਿਅੰਜਨ /ਫ, ਥ, ਠ, ਛ, ਖ/ ਮਹਾਂ-ਪ੍ਰਾਣ ਤੇ ਨਾਦ ਰਹਿਤ ਹੈ। ਇਹਨਾਂ ਦੇ ਅਖੀਰਲੇ ਵਿਅੰਜਨ /ਬ, ਦ, ਡ, ਜ, ਗ/ ਅਲਪ-ਪ੍ਰਾਣ ਤੇ ਨਾਦੀ ਹਨ।

ਅਗਲੀ ਸ਼੍ਰੇਣੀ ਉਚਾਰਨ ਪੱਖੋਂ ਨਾਸਕੀ ਹੈ ਇਹਨਾਂ ਵਿਚ ਨਾਸਕੀ ਵਿਅੰਜਨ /ਮ, ਨ, ਣ, ਞ, ਙ/ ਆਉਂਦੇ ਹਨ ਇਹਨਾਂ ਵਿਚੋਂ /ਮ/ ਦੋ ਹੋਠੀ, /ਨ/ ਦੰਤੀ, /ਣ/ ਉਲਟ ਜੀਭੀ, /ਞ/ ਤਾਲਵੀ ਅਤੇ /ਙ/ ਕੋਮਲ ਤਾਲਵੀ ਅਧੀਨ ਹਨ।

ਪੰਜਾਬੀ ਭਾਸ਼ਾ ਦੀਆਂ ਕੁੱਲ 4 ਧੁਨੀਆਂ (ਸ, ਜ਼, ਸ਼, ਹ) ਨੂੰ ਰਗੜਵੇਂ/ਫਟਕਵੇਂ ਵਿਅੰਜਨ ਕਹਿੰਦੇ ਹਨ ਕਿਉਂਕਿ ਇਹਨਾਂ ਦੇ ਉਚਾਰਨ ਸਮੇਂ ਕੋਈ ਦੋ ਅੰਗ ਆਪਸ 'ਚ ਛੂੰਹਦੇ ਨਹੀਂ ਸਗੋਂ ਇੱਕ ਦੂਜੇ ਦੇ ਇੰਨਾ ਨੇੜੇ ਆ ਜਾਂਦੇ ਹਨ ਤਾਂ ਜੋ ਵਿਚਕਾਰ ਥੋੜ੍ਹੀ ਵਿੱਥ ਵਿਚੋਂ ਜਦੋਂ ਸਾਹ ਰਗੜ ਖਾ ਕੇ ਖਹਿ ਕੇ ਬਾਹਰ ਨਿਕਲੇ ਤਾਂ ਇਹ ਉਚਾਰੀਆਂ ਜਾਂਦੀਆਂ ਹਨ।

ਪੰਜਾਬੀ ਭਾਸ਼ਾ ਵਿਚ /ਯ, ਵ/ ਦੋ ਅਰਧ ਸ੍ਵਰ ਹਨ ਜੋ ਕਦੇ ਸ੍ਵਰ ਤੇ ਕਦੇ ਵਿਅੰਜਨ ਦੇ ਲੱਛਣ ਦਰਸਾਉਂਦੇ ਹਨ।

ਪੰਜਾਬੀ ਦੀਆਂ ਅਖੰਡੀ ਧੁਨੀਆਂ:-

ਇਹ ਪੂਰੀ ਵਰਗਵਾਰ ਰਚਨਾ ਦੇ ਨਾਲ ਵੰਡਿਆ ਜਾਂਦਾ ਹੈ। ਉਚਾਰਨ ਪੱਖ ਇਹ ਵੰਡ ਇਸ ਪ੍ਰਕਾਰ ਹੈ:-

ਦੋ ਹੋਠੀ - ਪ, ਫ, ਬ
ਦੰਤੀ - ਤ, ਥ, ਦ
ਉਲਟ ਜੀਭੀ - ਟ, ਠ, ਡ.
ਤਾਲਵੀ - ਚ, ਛ, ਜ
ਕੋਮਲ ਤਾਲਵੀ - ਕ, ਖ, ਗ

ਉਚਾਰਨ ਪੱਖੋਂ ਉਪਰੋਕਤ ਪੰਜ ਸ਼੍ਰੇਣੀਆਂ ਵਿਚੋਂ ਹਰ ਇੱਕ ਦੀ ਪਹਿਲੀ ਧੁਨੀ /ਪ, ਤ, ਟ, ਚ, ਕ/ ਅਲਪ-ਪ੍ਰਾਣ ਤੇ ਨਾਦ ਰਹਿਤ ਹੈ। ਇਹਨਾਂ ਸਤਰਾਂ ਦਾ ਦੂਜਾ ਵਿਅੰਜਨ /ਫ, ਥ, ਠ, ਛ, ਖ) ਮਹਾਂ-ਪ੍ਰਾਣ ਤੇ ਨਾਦ ਰਹਿਤ ਹੈ। ਇਹਨਾਂ ਦੇ ਅਖੀਰਲੇ ਵਿਅੰਜਨ /ਬ, ਦ, ਡ, ਜ, ਗ/ ਅਲਪ-ਪ੍ਰਾਣ ਤੇ ਨਾਦੀ ਹਨ।

ਅਗਲੀ ਸ੍ਰੇਣੀ ਉਚਾਰਨ ਪੱਖੋਂ ਨਾਸਕੀ ਹੈ ਇਹਨਾਂ ਵਿਚ ਨਾਸਕੀ ਵਿਅੰਜਨ /ਮ, ਨ, ਣ, ਞ, ਙ/ ਆਉਂਦੇ ਹਨ ਇਹਨਾਂ ਵਿਚੋਂ ਮ/ ਦੋ ਹੋਠੀ, /ਨ/ ਦੰਤੀ, /ਣ/ ਉਲਟ ਜੀਭੀ, /ਞ/ ਤਾਲਵੀ ਅਤੇ ਙ/ ਕੋਮਲ ਤਾਲਵੀ ਅਧੀਨ ਹਨ।

ਪੰਜਾਬੀ ਭਾਸ਼ਾ ਦੀਆਂ ਕੇਵਲ 4 ਧੁਨੀਆਂ (ਸ, ਜ਼, ਸ਼, ਹ) ਰਗੜਵੇਂ/ਫਟਕਵੇਂ ਵਿਅੰਜਨ ਕਹਿੰਦੇ ਹਨ ਕਿਉਂਕਿ ਇਹਨਾਂ ਦੇ ਉਚਾਰਨ ਸਮੇਂ ਈ ਦੇ ਅੰਗ ਆਪਸ ਚ ਛੂੰਹਦੇ ਨਹੀਂ ਸਗੋਂ ਇੱਕ ਦੂਜੇ ਦੇ ਇੰਨਾ ਨੇੜੇ ਆ ਂਦੇ ਹਨ ਤਾਂ ਜੋ ਵਿਚਕਾਰ ਥੋੜ੍ਹੀ ਵਿੱਥ ਵਿਚੋਂ ਜਦੋਂ ਸਾਹ ਰਗੜ ਖਾ ਕੇ ਬਾਹਰ ਹਰ ਨਿਕਲੇ ਤਾਂ ਇਹ ਉਚਾਰੀਆਂ ਜਾਂਦੀਆਂ ਹਨ।

ਪੰਜਾਬੀ ਭਾਸ਼ਾ ਵਿਚ /ਯ, ਵ/ ਦੋ ਅਰਧ ਸ੍ਵਰ ਹਨ ਜੋ ਕਦੇ ਨ ਤੇ ਕਦੇ ਵਿਅੰਜਨ ਦੇ ਲੱਛਣ ਦਰਸਾਉਂਦੇ ਹਨ।

ਜਾਬੀ ਦੀਆਂ ਅਖੰਡੀ ਧੁਨੀਆਂ:-


himalayan Date........ Page........

ਨੂੰ ਨਹੀਂ ਮਿਲਦਾ। ਜਿਵੇਂ /ਸੂੰ/ ਵਿਚ ਇਹ /ਸਹੈਂ/ ਪੂਰੇ ਸ਼ਬਦ ਨੂੰ ਹੀ ਫੈਲਾਉਂਦਾ ਹੈ।

## ਪੰਜਾਬੀ ਸ੍ਵਰ:-

ਪੰਜਾਬੀ ਸ੍ਵਰਾਂ ਵਿੱਚੋਂ /ਅ/, /ਇ/, /ਉ/ ਲਘੂ ਸ੍ਵਰ ਹਨ। /ਆ, ਈ, ਊ, ਏ, ਐ, ਓ/ ਦੀਰਘ ਸ੍ਵਰ ਹਨ। ਉਚਾਰਨ ਸ੍ਵਰ ਦੇ ਆਧਾਰ 'ਤੇ /ਈ, ਏ, ਐ/ ਮੂਹਰਲੇ ਸ੍ਵਰ ਹਨ ਕਿਉਂਕਿ ਇਹਨਾਂ ਦੇ ਉਚਾਰਨ ਸਮੇਂ ਜੀਭ ਦਾ ਮੂਹਰਲਾ ਹਿੱਸਾ ਤਾਲਸ ਕਰਦਿਆਂ ਉੱਚਾ ਕਰਨਾ ਪੈਂਦਾ ਹੈ। /ਉ, ਊ, ਓ/ ਪਿਛਲੇ ਸ੍ਵਰ ਹਨ ਕਿਉਂਕਿ ਇਹਨਾਂ ਦਾ ਉਚਾਰਨ ਕਰਦਿਆਂ ਜੀਭ ਦਾ ਪਿਛਲਾ ਹਿੱਸਾ ਉੱਚਾ ਕਰਨਾ ਪੈਂਦਾ ਹੈ। /ਅ, ਆ/ ਵਿਚਕਾਰਲੇ ਸ੍ਵਰ ਹਨ ਕਿਉਂਕਿ ਇਹਨਾਂ ਦਾ ਉਚਾਰਨ ਜੀਭ ਦੇ ਵਿਚਕਾਰਲੇ ਹਿੱਸੇ ਨੂੰ ਉੱਚਾ ਕਰਕੇ ਹੁੰਦਾ ਹੈ।

ਉਚਾਰਨ ਪੱਖੋਂ /ਈ, ਊ, ਇ, ਉ/ ਉੱਚੇ ਸ੍ਵਰ ਹਨ। /ਐ, ਔ, ਆ/ ਨੀਵੇਂ ਸ੍ਵਰ ਹਨ ਤੇ /ਏ, ਓ/ ਨੂੰ ਅਰਧ ਉੱਚਾ ਜਾਂ ਅੱਧ ਖੁੱਲ੍ਹਾ ਸ੍ਵਰ ਕਹਿੰਦੇ ਹਨ। ਪੰਜਾਬੀ ਦੇ ਪਿਛਲੇ ਸ੍ਵਰਾਂ /ਊ, ਉ, ਓ, ਔ/ ਦੇ ਉਚਾਰਨ ਸਮੇਂ ਬੁੱਲ੍ਹ ਗੋਲ ਹੋ ਜਾਂਦੇ ਹਨ ਇਸ ਲਈ ਇਹ ਗੁਲਾਈਦਾਰ ਸ੍ਵਰ ਹਨ ਬਾਕੀ 6 ਸ੍ਵਰ ਗੁਲਾਈ ਰਹਿਤ ਹਨ।




ਪੰਜਾਬੀ ਸ੍ਵਰ ਧੁਨੀਆਂ

## ਪੰਜਾਬੀ ਵਿਅੰਜਨ:-

ਪੰਜਾਬੀ ਵਿਅੰਜਨਾਂ ਵਿਚ 15 ਵਿਅੰਜਨ ਡੱਕਵੇਂ ਹਨ ਕਿਉਂਕਿ ਇਹਨਾਂ ਦੇ ਉਚਾਰਨ ਸਮੇਂ ਬਾਹਰ ਨੂੰ ਨਿਕਲਦਾ ਸਾਹ ਇੱਕ ਵਾਰੀ ਪੂਰੀ ਤਰ੍ਹਾਂ ਡੱਕਿਆ ਜਾਂਦਾ ਹੈ। ਇਹਨਾਂ ਦਾ ਉਚਾਰਨ ਉਦੋਂ ਹੁੰਦਾ ਹੈ ਜਦੋਂ

Scanned with CamScanner

ਦੰਤੀ - ਤ, ਥ, ਦ

ਉਲਟ ਜੀਭੀ - ਟ, ਠ, ਡ

ਤਾਲਵੀ - ਚ, ਛ, ਜ

ਕੋਮਲ ਤਾਲਵੀ - ਕ, ਖ, ਗ

ਉਚਾਰਨ ਪੱਖੋਂ ਉਪਰੋਕਤ ਪੰਜ ਸ਼੍ਰੇਣੀਆਂ ਵਿਚੋਂ ਹਰ ਇੱਕ ਦੀ ਪਹਿਲੀ ਧੁਨੀ /ਪ, ਤ, ਟ, ਚ, ਕ/ ਅਲਪ-ਪ੍ਰਾਣ ਤੇ ਨਾਦ ਰਹਿਤ ਹੈ। ਇਹਨਾਂ ਸਤਰਾਂ ਦਾ ਦੂਜਾ ਵਿਅੰਜਨ /ਫ, ਥ, ਠ, ਛ, ਖ) ਮਹਾਂ-ਪ੍ਰਾਣ ਤੇ ਨਾਦ ਰਹਿਤ ਹੈ। ਇਹਨਾਂ ਦੇ ਅਖੀਰਲੇ ਵਿਅੰਜਨ /ਬ, ਦ, ਡ, ਜ, ਗ/ ਅਲਪ-ਪ੍ਰਾਣ ਤੇ ਨਾਦੀ ਹਨ।

ਅਗਲੀ ਸ਼੍ਰੇਣੀ ਉਚਾਰਨ ਪੱਖੋਂ ਨਾਸਕੀ ਹੈ ਇਹਨਾਂ ਵਿੱਚ ਨਾਸਕੀ ਵਿਅੰਜਨ /ਮ, ਨ, ਣ, ਞ, ਙ/ ਆਉਂਦੇ ਹਨ ਇਹਨਾਂ ਵਿਚੋਂ /ਮ/ ਦੋ ਹੋਠੀ, /ਨ/ ਦੰਤੀ, /ਣ/ ਉਲਟ ਜੀਭੀ, /ਞ/ ਤਾਲਵੀ ਅਤੇ /ਙ/ ਕੋਮਲ ਤਾਲਵੀ ਅਧੀਨ ਹਨ।

ਪੰਜਾਬੀ ਭਾਸ਼ਾ ਦੀਆਂ ਕੁੱਲ 4 ਧੁਨੀਆਂ (ਸ, ਜ਼, ਸ਼, ਹ) ਨੂੰ ਰਗੜਵੇਂ/ਫਟਕਵੇਂ ਵਿਅੰਜਨ ਕਹਿੰਦੇ ਹਨ ਕਿਉਂਕਿ ਇਹਨਾਂ ਦੇ ਉਚਾਰਨ ਸਮੇਂ ਬੋਲੀ ਦੇ ਅੰਗ ਆਪਸ 'ਚ ਛੂਹਦੇ ਨਹੀਂ ਸਗੋਂ ਇੱਕ ਦੂਜੇ ਦੇ ਇੰਨਾ ਨੇੜੇ ਆ ਜਾਂਦੇ ਹਨ ਤਾਂ ਜੋ ਵਿਚਕਾਰ ਥੋੜ੍ਹੀ ਵਿੱਥ ਵਿਚੋਂ ਦੀ ਸਾਹ ਰਗੜ ਖਾ ਕੇ ਬਾਹਰ ਨਿਕਲੇ ਤਾਂ ਇਹ ਉਚਾਰੀਆਂ ਜਾਂਦੀਆਂ ਹਨ।

ਪੰਜਾਬੀ ਭਾਸ਼ਾ ਵਿਚ /ਯ, ਵ/ ਦੋ ਅਰਧ ਸੁਰ ਹਨ ਜੋ ਕਦੇ ਸੁਰ ਤੇ ਕਦੇ ਵਿਅੰਜਨ ਦੇ ਲੱਛਣ ਦਰਸਾਉਂਦੇ ਹਨ।

**ਪੰਜਾਬੀ ਦੀਆਂ ਅਖੰਡੀ ਧੁਨੀਆਂ:**